ਨੰਬਰ:ਐਫ.ਸੀ.ਏ./...3373....
ਮਿਤੀ.........8/7/25..........

| | | | |
|---|---|---|---|
| ਵੱਲੋਂ | ਵਣ ਮੰਡਲ ਅਫਸਰ,<br>ਹੁਸ਼ਿਆਰਪੁਰ। | ਸੇਵਾ ਵਿਖੇ | ਨੋਡਲ ਅਫਸਰ (ਐਫ.ਸੀ.ਏ.)<br>ਪੰਜਾਬ, ਐੱਸ.ਏ.ਐੱਸ. ਨਗਰ। |

ਵਿਸ਼ਾ- **Diversion area of 0.005 ha of forest land for approach access road to Sant Enclave (Residential Colony) for Sh. Ranjodh Singh S/o Late Sh. Surinder Singh situated at village Jian on Ropar-Hoshiarpur road, KM 81-82 RHS Tehsil and Distt Hoshiarpur (Punjab), under Hoshiarpur Forest Division. (Proposal No. FP/PB/Approach/142210/2021)**

ਹਵਾਲਾ: ਆਪ ਜੀ ਦਾ ਪੱਤਰ ਨੰ: FOREST-FCA0FC3H/20/2021-FCA/I/297026/2021 ਮਿਤੀ 22-12-2021.

ਉਪਰੋਕਤ ਵਿਸ਼ੇ ਸਬੰਧੀ ਪ੍ਰੋਪੋਜਲ ਬਾਰੇ ਬੇਨਤੀ ਹੈ ਕਿ ਆਪ ਜੀ ਦੇ ਹਵਾਲੇ ਅਧੀਨ ਪੱਤਰ ਵਿੱਚ ਲਗਾਏ ਗਏ ਇਤਰਾਜਾਂ ਬਾਰੇ ਯੂਜਰ ਏਜੰਸੀ ਦਾ ਜਵਾਬ ਪ੍ਰਾਪਤ ਕਰਕੇ ਹੇਠ ਲਿਖੇ ਅਨੁਸਾਰ ਇਸ ਮੰਡਲ ਦਾ ਜਵਾਬ ਪਰੀਵੇਸ਼ ਪੋਰਟਲ ਤੇ ਪਾਰਟ-2 ਦੀ ਅਡੀਸ਼ਨਲ ਇਨਫਰਮੇਸ਼ਨ ਡਿਟੇਲ ਵਿੱਚ ਅਪਲੋਡ ਕਰਨ ਉਪਰੰਤ ਸੂਚਨਾ ਸਿਫਾਰਸ਼ ਸਹਿਤ ਅਗਲੇਰੀ ਯੋਗ ਕਾਰਵਾਈ ਲਈ ਆਪ ਜੀ ਨੂੰ ਭੇਜੀ ਜਾਂਦੀ:-

ਲੜੀ ਨੰ:1. ਇਸ ਸਬੰਧ ਵਿੱਚ ਬੇਨਤੀ ਹੈ ਕਿ ਵਣ ਰੇਂਜ ਅਫਸਰ ਹੁਸ਼ਿਆਰਪੁਰ ਪਾਸੋਂ ਇਸ ਪ੍ਰੋਪੋਜਲ ਅਧੀਨ ਪ੍ਰਭਾਵਿਤ ਹੋਣ ਵਾਲੇ 0.005 ਹੈਕਟਰ ਰਕਬੇ ਬਾਰੇ ਮੌਕੇ ਦੀ ਤਾਜਾ ਸਥਿਤੀ ਦੀ ਰਿਪੋਰਟ ਪ੍ਰਾਪਤ ਕੀਤੀ ਗਈ ਹੈ। ਇਸ ਪ੍ਰੋਪੋਜਲ ਅਧੀਨ ਡਾਇਵਰਟ ਹੋਣ ਵਾਲਾ ਰਕਬਾ ਕੱਚਾ ਹੈ ਅਤੇ ਯੂਜਰ ਏਜੰਸੀ ਵੱਲੋਂ ਕੋਈ ਵਾਇਓਲੇਸ਼ਨ ਨਹੀਂ ਕੀਤੀ ਗਈ। ਇਹ ਵੀ ਬੇਨਤੀ ਹੈ ਕਿ ਮੌਕੇ ਤੇ ਨਾਨ ਫਾਰੈਸਟ ਲੈਂਡ ਵਿੱਚ ਜੋ ਉਸਾਰੀ ਦਿਖਾਈ ਦੇ ਰਹੀ ਹੈ, ਇਹ ਉਸਾਰੀ ਬਿਨ੍ਹਾ ਵਣ ਸਟਰਿੱਪ ਨੂੰ ਵਰਤੇ, ਪਿੰਡ ਬੱਸੀ ਕਲਾਂ ਨੂੰ ਜਾਂਦਾ ਰਸਤਾ ਜੋ ਕਲੋਨੀ ਨੂੰ ਲੱਗਦਾ ਹੈ, ਰਾਹੀਂ ਕੀਤੀ ਗਈ ਹੈ ਜੋਕਿ ਨਾਲ ਨੱਥੀ ਅਕਸ ਸ਼ਿਜਰੇ ਵਿੱਚ ਮੌਜੂਦ ਹੈ (ਪੀਲੇ ਰੰਗ ਨਾਲ ਮਾਰਕ ਹੈ)।

ਲੜੀ ਨੰ:2. ਬੇਨਤੀ ਹੈ ਕਿ ਯੂਜਰ ਏਜੰਸੀ ਵੱਲੋਂ ਰਿਵਾਇਜਡ ਲੇਅ ਆਊਟ ਪਲੈਨ ਸਬਮਿੱਟ ਕੀਤਾ ਹੈ, ਜਿਸ ਅਨੁਸਾਰ ਹੁਣ ਇਸ ਪ੍ਰੋਪੋਜਲ ਅਧੀਨ ਨਾਲ ਨੱਥੀ ਸੋਧੀ ਹੋਈ ਆਈਟਮ ਵਾਈਜ ਬਰੇਕਅੱਪ ਅਤੇ ਮਾਰਕਿੰਗ ਲਿਸਟ ਅਨੁਸਾਰ 1 ਰੁੱਖ ਸ਼ੀਸ਼ਮ ਪ੍ਰਭਾਵਿਤ ਹੋਵੇਗਾ, ਜਿਸ ਦੀ ਡਿਟੇਲ ਵੀ ਆਨਲਾਇਨ ਪਾਰਟ-2 ਵਿੱਚ ਅਪਲੋਡ ਕਰ ਦਿੱਤੀ ਗਈ ਹੈ।

ਲੜੀ ਨੰ:3. ਨਾਨ ਫਾਰੈਸਟ ਲੈਂਡ ਦੀ ਅੰਡਰਟੇਕਿੰਗ ਡਲੀਟ ਕਰ ਦਿੱਤੀ ਗਈ ਹੈ ਕਿਉਂਕਿ ਇਸ ਪ੍ਰੋਪੋਜਲ ਅਧੀਨ ਸੀ.ਏ. ਡੀਗ੍ਰੇਡਿਡ ਫਾਰੈਸਟ ਲੈਂਡ ਤੇ ਕਰਵਾਈ ਜਾਣੀ ਹੈ। ਇਸ ਪ੍ਰੋਪੋਜਲ ਵਿੱਚ ਪਹਿਲਾਂ ਪ੍ਰੋਪੋਜ ਕੀਤੇ ਸੀ.ਏ. ਸਾਈਟ ਦੀ ਬਜਾਏ ਹੁਣ ਚੱਕ ਸਾਧੂ ਪੀ.ਐੱਫ. ਲੈਂਡ ਬੈਂਕ ਵਿੱਚ ਸੀ.ਏ. ਸਾਈਟ ਪ੍ਰੋਪੋਜ ਕੀਤੀ ਜਾਂਦੀ ਹੈ। ਆਪ ਜੀ ਦੇ ਦਫਤਰ ਵੱਲੋਂ ਪੱਤਰ ਨੰਬਰ:- I/989054/2024 ਮਿਤੀ 13-12-2024 ਰਾਹੀਂ ਪ੍ਰਾਪਤ ਹੋਏ ਨਵੇਂ ਆਦੇਸ਼ਾਂ ਅਨੁਸਾਰ ਇਸ ਕੇਸ ਅਧੀਨ ਕਰਵਾਈ ਜਾਣ ਵਾਲੀ 100 ਪੌਦਿਆਂ ਦੀ 0.100 ਹੈਕਟਰ ਕੰਪਨਸੇਟਰੀ ਅਫਾਰਸਟੇਸ਼ਨ ਦੀ ਕੇ.ਐੱਮ.ਐੱਲ. ਫਾਇਲ ਸਮੇਤ ਲੈਂਡ ਬੈਂਕ 19 ਹੈਕਟਰ ਸੀ.ਏ. ਲਈ 20 ਹੈਕਟਰ ਪਾਲੀਗਾਨ ਚੱਕ ਸਾਧੂ ਪੀ.ਐੱਫ. ਹੱਦਬਸਤ ਨੰ: 503 ਵਿੱਚ ਲਈਆਂ ਗਈਆਂ ਪਲਾਂਟੇਸ਼ਨਾਂ ਬਾਰੇ ਅਨਲੱਗ (ੳ) ਅਤੇ ਅਨੁਲੱਗ (ਅ) ਨਾਲ ਨੱਥੀ ਅਨੁਸਾਰ ਪਾਰਟ 2 ਵਿੱਚ ਅਪਲੋਡ ਕਰ ਦਿੱਤੀ ਗਈ ਹੈ। ਸੋਧੀ ਹੋਈ ਸੀ.ਏ. ਸਕੀਮ ਅਤੇ ਐੱਨ.ਪੀ.ਵੀ. ਕੈਲਕੁਲੇਸ਼ਨ ਸ਼ੀਟ ਅਲੱਗ-ਅਲੱਗ ਅਪਲੋਡ ਕਰ ਦਿੱਤੇ ਗਏ ਹਨ।

ਲੜੀ ਨੰ:4. ਯੂਜਰ ਏਜੰਸੀ ਵੱਲੋਂ ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ ਦਾ ਵੈਲਿਡ ਐੱਨ.ਓ.ਸੀ. ਸਬਮਿੱਟ ਕਰ ਦਿੱਤਾ ਗਿਆ ਹੈ ਜੋਕਿ ਆਨਲਾਇਨ ਪੋਰਟਲ ਤੇ ਅਪਲੋਡ ਕਰ ਦਿੱਤਾ ਗਿਆ ਹੈ।

ਲੜੀ ਨੰ:5. ਸਪੱਸ਼ਟ ਸਿਫਾਰਸ਼ ਸਹਿਤ ਸੋਧਿਆ ਹੋਇਆ ਪਾਰਟ-2 ਅਤੇ ਸਾਈਟ ਇੰਸਪੈਕਸ਼ਨ ਰਿਪੋਰਟ ਅਪਲੋਡ ਕਰ ਦਿੱਤੀ ਗਈ ਹੈ ਜੀ।

ਲੜੀ ਨੰ:6. ਯੂਜਰ ਏਜੰਸੀ ਵੱਲੋਂ ਪ੍ਰੋਪੋਜਲ ਅਨੁਸਾਰ 0.005 ਹੈਕਟਰ ਦਾ ਰਿਵਾਇਜਡ ਲੇਅ ਆਊਟ ਪਲੈਨ, ਕੇ.ਐੱਮ.ਐੱਲ. ਫਾਇਲ ਅਤੇ ਡੀ.ਜੀ.ਪੀ.ਐੱਸ. ਮੈਪ ਸਬਮਿੱਟ ਕੀਤੇ ਗਏ ਹਨ ਜੋ ਕਿ ਨਾਲ ਨੱਥੀ ਅਨੁਸਾਰ ਪੋਰਟਲ ਤੇ ਅਪਲੋਡ ਕਰ ਦਿੱਤੇ ਗਏ ਹਨ। ਇਸ ਪ੍ਰੋਪੋਜਲ ਅਧੀਨ 49.974 Sqmt. Or Say 50 Sqmt. (0.005 ਹੈਕਟਰ) ਵਣ ਰਕਬਾ ਪ੍ਰਭਾਵਿਤ ਹੋਵੇਗਾ। ਉਪਰੋਕਤ ਤੋਂ ਇਲਾਵਾ ਐੱਫ.ਆਰ.ਏ. 2006 ਸਰਟੀਫਿਕੇਟ ਵੀ ਅਪਲੋਡ ਕਰ ਦਿੱਤਾ ਗਿਆ ਹੈ।

ਸਹਿਪੱਤਰ:ਉੱਪਰਵਾਂਗ।

(ਅਮਨੀਤ ਸਿੰਘ)
ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਪਿੱਠ ਅੰਕਣ ਨੰ: 3313-17 ਮਿਤੀ 8/7/24

ਇਸ ਦੀ ਇੱਕ ਨਕਲ :-

1) ਵਣ ਪਾਲ ਨਾਰਥ ਸਰਕਲ, ਪੰਜਾਬ, ਹੁਸ਼ਿਆਰਪੁਰ ਜੀ ਨੂੰ ਤਜੀਵਜ ਦੇ ਦਸਤਾਵੇਜ ਉਕਤ ਅਨੁਸਾਰ ਆਨਲਾਈਨ ਪੋਰਟਲ https://parivesh.nic.in ਵਿੱਚ ਅਪਲੋਡ ਕਰਨ ਉਪਰੰਤ ਸੂਚਨਾ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

2) ਵਣ ਰੇਂਜ ਅਫਸਰ, ਹੁਸ਼ਿਆਰਪੁਰ ਨੂੰ ਸੂਚਨਾ ਤੇ ਜਰੂਰੀ ਕਾਰਵਾਈ ਲਈ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਿ ਫਾਰੈਸਟ ਕਲੀਅਰੈਂਸ ਤਹਿਤ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨਾ ਯੂਜਰ ਏਜੰਸੀ ਨੂੰ ਵਣ ਰਕਬਾ ਗੈਰ ਵਣ ਮੰਤਵ ਲਈ ਵਰਤਣ ਨਾ ਦਿੱਤਾ ਜਾਵੇ। ਇਸ ਦਫਤਰ ਦੇ ਪੱਤਰ ਨੰ.5868-72 ਮਿਤੀ. 28-02-2022 ਦੀਆਂ ਹਦਾਇਤਾਂ ਅਨੁਸਾਰ ਪ੍ਰੋਪੋਜ ਕੀਤੀ ਸੀ.ਏ. ਸਾਈਟ/ਸਕੀਮ ਦਾ ਰਿਕਾਰਡ ਵੀ ਮੁਕੰਮਲ ਤੌਰ ਤੇ ਮੈਨਟੇਨ ਰੱਖਿਆ ਜਾਵੇ। ਲੈਂਡ ਬੈਂਕ ਡਿਟੇਲ ਬਾਰੇ ਅਨੁਲੱਗ (ੳ) ਅਤੇ ਅਨੁਲੱਗ (ਅ) ਵੀ ਮੇਨਟੇਨ ਰੱਖਿਆ ਜਾਵੇ।

3) M/s Sant Enclave (Residential Colony) for Sh. Ranjodh Singh S/o Late Sh. Surinder Singh, Village Jian, adda Chabewal Sant Market, P.O. Bassi Kalan, Tehsil & District Hoshiarpur **(Email: sukhwindersingha7@gmail.com, Mobile No.: 9872445193 )** ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਫਾਰੈਸਟ ਕਲੀਅਰੈਂਸ ਤਹਿਤ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨ੍ਹਾ ਵਣ ਰਕਬਾ ਗੈਰ ਵਣ ਮੰਤਵ ਲਈ ਨਾ ਵਰਤਿਆ ਜਾਵੇ।

(ਅਮਨੀਤ ਸਿੰਘ)
ਵਣ ਮੰਡਲ ਅਫਸਰ,
ਹੁਸ਼ਿਆਰਪੁਰ।